# ਭਗਤ ਸਿੰਘ ਤੇ ਸਾਥੀਆਂ ਵਿਰੁੱਧ
# 7 ਅਕਤੂਬਰ 1930 ਦਾ ਇੱਕ ਪਾਸੜ ਅਦਾਲਤੀ ਫ਼ੈਸਲਾ,
### ਜੋ ਲੋਕ ਰੋਹ ਤੋਂ ਡਰਦਿਆਂ ਸਰਕਾਰ ਨੇ ਐਲਾਨੀ ਤਰੀਕ ਤੋਂ
### ਇੱਕ ਦਿਨ ਅਗਾਊਂ ਹੀ ਸੁਣਾ ਦਿੱਤਾ, ਐਨ ਉਸੇ ਤਰ੍ਹਾਂ ਜਿਵੇਂ ਪਿੱਛੋਂ ਜਾਕੇ ਸੁਖਦੇਵ,
### ਭਗਤ ਸਿੰਘ ਅਤੇ ਰਾਜ ਗੁਰੂ ਨੂੰ ਫਾਂਸੀ ਵੀ ਮਿਥੀ ਤਰੀਕ ਤੋਂ ਇੱਕ ਦਿਨ ਪਹਿਲਾਂ,
### ਭਾਵ 24 ਮਾਰਚ 1931 ਦੀ ਬਜਾਏ 23 ਮਾਰਚ 1931 ਨੂੰ ਦੇ ਦਿੱਤੀ ਸੀ।

ਮਲਵਿੰਦਰ ਜੀਤ ਸਿੰਘ ਵੜੈਚ

ਟ੍ਰਿਬਿਊਨਲ ਦੀ ਨਿਯੁਕਤੀ ਗਵਰਨਮੈਂਟ ਆਫ ਇੰਡੀਆ ਐਕਟ 1919 ਦੀ ਧਾਰਾ 72 ਅਧੀਨ ਕੀਤੀ ਗਈ ਸੀ, ਜਿਸ ਵਿੱਚ ਵਿਵਸਥਾ ਸੀ ਕਿ "ਭਾਰਤ ਵਿੱਚ ਗਵਰਨਰ ਜਨਰਲ ਸੰਕਟ ਦੀ ਹਾਲਤ ਵਿੱਚ ਆਰਡੀਨੈਂਸ ਲਾਗੂ ਕਰ ਸਕੇਗਾ ਤਾਂ ਕਿ ਬਰਤਾਨਵੀ ਭਾਰਤ ਵਿੱਚ ਅਮਨ-ਸ਼ਾਂਤੀ ਬਣੀ ਰਹੇ। ਅਜਿਹਾ ਕਾਨੂੰਨ ਸਮੁੱਚੇ ਭਾਰਤ ਜਾਂ ਭਾਰਤ ਦੇ ਕਿਸੇ ਹਿਸੇ 'ਤੇ ਲਾਗੂ ਹੋਣ ਦੀ ਮਿਤੀ ਤੋਂ ਛੇ ਮਹੀਨੇ ਤੱਕ ਅਜਿਹੇ ਕਾਨੂੰਨ ਵਜੋਂ ਲਾਗੂ ਹੋਵੇਗਾ, ਜਿਵੇਂ ਕਿ ਇਸ ਨੂੰ ਸੰਸਦ ਨੇ ਪਾਸ ਕੀਤਾ ਹੋਵੇ।"

ਭਾਵੇਂ ਲਾਹੌਰ ਸਾਜਿਸ਼ ਕੇਸ ਵਿੱਚ ਲਗਭਗ 600 ਗਵਾਹ ਸਨ ਤਾਂ ਵੀ ਵਾਇਸਰਾਇ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਟ੍ਰਿਬਿਊਨਲ ਸਾਰੇ ਕੇਸ ਦਾ ਛੇ ਮਹੀਨੇ ਵਿੱਚ ਨਿਪਟਾਰਾ ਕਰ ਦੇਵੇਗਾ, ਭਾਵੇਂ ਕਿ ਦੋਸ਼ੀ ਕਿਸੇ ਵੀ ਤਰ੍ਹਾਂ ਦੇ ਅੜਿਕੇ ਡਾਹੁੰਦੇ ਰਹਿਣ।

ਆਰਡੀਨੈਂਸ ਛੇ ਮਹੀਨੇ ਤੋਂ ਵਧੇਰੇ ਇੱਕ ਦਿਨ ਵੀ ਜੀਵਤ ਨਹੀਂ ਰਹਿ ਸਕਦਾ ਸੀ, ਕਿਉਂਕਿ ਸਮੇਂ ਦੇ ਪ੍ਰਵਾਹ ਨਾਲ ਇਸ ਟ੍ਰਿਬਿਊਨਲ ਦਾ ਅੰਤ ਨਿਸ਼ਚਿਤ ਸੀ, ਸੋ ਵਾਇਸਰਾਇ ਨੇ ਕੰਮ ਜਲਦੀ ਨਿਪਟਾਉਣ ਦੇ ਮਕਸਦ ਨਾਲ ਟ੍ਰਿਬਿਊਨਲ ਨੂੰ ਦੋਸ਼ੀਆਂ ਵੱਲੋਂ ਜਾਣ-ਬੁੱਝ ਕੇ ਪਾਈਆਂ ਜਾਣ ਵਾਲੀਆਂ ਰੁਕਾਵਟਾਂ ਨਾਲ ਨਜਿੱਠਣ ਦੇ ਅਧਿਕਾਰ ਦਿੱਤੇ ਸਨ ਅਤੇ ਨਿਯੁਕਤ ਕੀਤੇ ਜਾਣ ਵਾਲੇ ਜੱਜਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਦੋਸ਼ੀ ਵਿਘਨ ਪਾਊ ਵਿਹਾਰ ਕਰਨਗੇ ਹੀ, ਜਿਸ ਨਾਲ ਸਿਝਣ ਲਈ ਉਨ੍ਹਾਂ ਨੂੰ ਸਾਰੀਆਂ ਸ਼ਕਤੀਆਂ ਦੇ ਦਿਤੀਆਂ ਗਈਆਂ ਸਨ, ਜਿਨ੍ਹਾਂ ਤਹਿਤ ਦੋਸ਼ੀਆਂ ਦੀ ਗੈਰ-ਹਾਜ਼ਰੀ ਵਿਚ ਵੀ ਕਾਰਵਾਈ ਜਾਰੀ ਰਹਿ ਸਕੇਗੀ, ਤੇ ਹੋਇਆ ਵੀ ਇੰਜ ਹੀ।

ਟ੍ਰਿਬਿਊਨਲ ਕੋਲ ਮੌਤ ਦੀ ਸਜ਼ਾ ਸਮੇਤ ਹਰੇਕ ਸਜ਼ਾ ਦੇਣ ਦਾ ਅਧਿਕਾਰ ਸੀ ਅਤੇ ਇਸ ਦਾ ਫੈਸਲਾ ਅੰਤਮ ਹੋਣਾ ਸੀ; ਅਜਿਹੀਆਂ ਅਦਾਲਤਾਂ ਬਾਰੇ ਲੋਕ ਕਿਹਾ ਕਰਦੇ ਸਨ, "ਨਾ ਵਕੀਲ, ਨਾ ਦਲੀਲ, ਨਾ ਅਪੀਲ।"

ਟ੍ਰਿਬਿਊਨਲ ਦੀ ਮਿਆਦ ਛੇ ਮਹੀਨੇ ਹੋਣ ਦੇ ਤੱਥ ਨੇ ਇਸ ਦੀ ਭਰੋਸੇਯੋਗਤਾ ਦਾ ਭੋਗ ਪਾ ਦਿੱਤਾ ਸੀ। ਟ੍ਰਿਬਿਊਨਲ ਵਾਹੋਦਾਹੀ ਕਾਰਵਾਈ ਕਰਨ ਲਈ ਬਜ਼ਿੱਦ ਸੀ, ਤੇ ਉਧਰ ਦੋਸ਼ੀਆਂ ਨੇ ਵੀ ਇਸ ਵਿੱਚ ਵਿਘਨ ਪਾਉਣ, ਕਾਰਵਾਈ ਲਮਕਾਉਣ, ਅਤੇ ਦੇਰੀ ਕਰਨ ਦੇ ਪੈਂਤੜੇ ਸਿਰਜ ਲਏ ਸਨ। ਇਸ ਟ੍ਰਿਬਿਊਨਲ ਸਾਹਮਣੇ 457 ਸਰਕਾਰੀ ਗਵਾਹ ਪੇਸ਼ ਹੋਏ, 'ਅਦਾਲਤੀ ਗਵਾਹ' ਜਿਵੇਂ ਜੇਲ੍ਹ ਸੁਪਰਡੈਂਟ ਆਦਿ ਇਨ੍ਹਾਂ ਤੋਂ ਵੱਖਰੇ ਸਨ। ਜਿਨ੍ਹਾਂ ਦੁਆਰਾ ਇਹ ਸਾਬਤ ਕਰਨ ਦਾ ਜਤਨ ਕੀਤਾ ਗਿਆ ਕਿ ਦੋਸ਼ੀ ਜਾਣ-ਬੁਝ ਕੇ ਅਦਾਲਤ ਵਿੱਚ ਹਾਜ਼ਰ ਨਹੀਂ ਹੋ ਰਹੇ ਸਨ।

ਉਧਰ ਸੈਂਟ੍ਰਲ ਕਮੇਟੀ ਮੈਂਬਰ, ਵਿਜੈ ਕੁਮਾਰ ਸਿਨਹਾ ਦੱਸਦੇ ਨੇ ਕਿ "ਫ਼ੈਸਲੇ ਤੋਂ ਕੋਈ ਤਿੰਨ ਦਿਨ ਪਹਿਲਾਂ ਅਸਾਂ ਵਿਦਾਇਗੀ ਪਾਰਟੀ ਕਰ ਲਈ ਸੀ, ਜਿਸ ਵਿੱਚ ਕੁੱਝ ਜੇਲ੍ਹ ਅਧਿਕਾਰੀ ਵੀ ਸ਼ਾਮਿਲ ਹੋਏ ਸਨ, ਤੇ ਵਿਦਾਇਗੀ ਦੀਆਂ ਰਸਮੀ ਤਕਰੀਰਾਂ ਵੀ ਹੋਈਆਂ ਸਨ। ਅਸੀਂ ਵੇਖ ਰਹੇ ਸਾਂ ਕਿ ਫੈਸਲੇ ਪਿੱਛੋਂ ਸੰਭਾਵਤ ਲੋਕ ਰੋਹ ਦੇ ਮੱਦੇਨਜ਼ਰ ਜੇਲ੍ਹ ਦੁਆਲੇ ਵਿਸ਼ੇਸ਼ ਗਾਰਦਾਂ ਤਾਇਨਾਤ ਕੀਤੀਆਂ ਜਾ ਰਹੀਆਂ ਸਨ; ਇੱਕ ਤਰਫ਼ਾ ਅਦਾਲਤੀ ਢੋਂਗ ਉਪਰਾਂਤ ਸਜ਼ਾਵਾਂ ਤਾਂ ਕਠੋਰ ਹੋਣੀਆਂ ਹੀ ਸਨ। ਸਜ਼ਾ ਸਬੰਧੀ ਖ਼ਬਰਾਂ ਬਾਹਰ ਜੰਗਲ ਦੀ ਅੱਗ ਵਾਂਗ ਫੈਲ ਰਹੀਆਂ ਸਨ, ਅਤੇ ਕਈ ਅਖ਼ਬਾਰਾਂ ਦੇ ਸਪੈਸ਼ਲ ਐਡੀਸ਼ਨ ਵੀ ਧੜਾਧੜ ਆ ਰਹੇ ਸਨ, ਜਿਨ੍ਹਾਂ ਵਿੱਚ ਸਾਡੀਆਂ ਤਸਵੀਰਾਂ ਵੀ ਛਾਪੀਆਂ ਜਾ ਰਹੀਆਂ ਸਨ, ਜੋ ਇੱਕ ਵਾਰਡਰ ਨੇ ਹੋਸ਼ਿਆਰੀ ਨਾਲ ਜੇਲ੍ਹ ਅੰਦਰ ਕੈਮਰਾ ਮੰਗਵਾ ਕੇ ਖਿੱਚਵਾਈਆਂ ਸਨ: ਕਿਉਂਕਿ ਹੁਣ ਸਾਨੂੰ ਆਪਣੀ ਸ਼ਨਾਖ਼ਤ ਨੂੰ ਲੁਕਾਉਣ ਦੀ ਕੋਈ ਲੋੜ ਨਹੀਂ ਸੀ, ਇਸ ਲਈ ਸਾਡੇ 'ਚੋਂ ਕਿਸੇ ਨੇ ਵੀ ਨਾਂਹ-ਨੁਕਰ ਨਹੀਂ ਕੀਤੀ।"

ਸਜ਼ਾ ਦੇ ਨਸਰ ਹੁੰਦਿਆਂ ਹੀ ਮੁਲਕ ਭਰ 'ਚ ਹਾਹਾਕਾਰ ਮਚ ਗਈ, ਪਰ ਕਿਉਂਕਿ ਫਾਂਸੀ ਦੀ ਤਾਰੀਖ਼ 27 ਅਕਤੂਬਰ ਨਿਰਧਾਰਤ ਕੀਤੀ ਗਈ ਸੀ ਤੇ ਇਸ ਵਕਫ਼ੇ ਦੌਰਾਨ ਕੁੱਝ ਸਿਰ ਕੱਢ ਦੇਸ਼ ਭਗਤ ਵਕੀਲਾਂ, ਭਾਵ ਪ੍ਰਾਨ ਨਾਥ ਮਹਿਤਾ, ਮੋਤੀ ਲਾਲ ਨਹਿਰੂ ਨੇ ਭਗਤ ਸਿੰਘ ਤੇ ਸਾਥੀਆਂ ਕੋਲ ਇਸ ਫ਼ੈਸਲੇ ਵਿਰੁੱਧ ਪ੍ਰਿਵੀ ਕੌਂਸਲ 'ਚ ਅਪੀਲ ਕਰਨ ਦੀ ਤਜਵੀਜ਼ ਰੱਖੀ ਜੋ ਉਨ੍ਹਾਂ ਰੱਦ ਕਰ ਦਿੱਤੀ। ਫਿਰ ਉਨ੍ਹਾਂ ਵਕੀਲਾਂ ਨੇ ਨੌਜਵਾਨਾਂ ਕੋਲੋਂ ਸਬੰਧਤ ਆਰਡੀਨੈਂਸ ਨੂੰ ਕਾਨੂੰਨੀ ਆਧਾਰ ਤੇ ਚੁਨੌਤੀ ਦੇਣ ਦੀ ਪ੍ਰਵਾਨਗੀ ਲੈ

ਲਈ। ਭਗਤ ਸਿੰਘ ਹੋਰਾਂ ਨੂੰ ਇਹ ਸੁਝਾਇਆ ਗਿਆ ਸੀ ਕਿ ਇਹਦੇ ਨਾਲ ਘੱਟੋ ਘੱਟ ਤੁਹਾਡੀ ਫਾਂਸੀ ਅੱਗੇ ਤਾਂ ਪੈ ਹੀ ਜਾਏਗੀ ਤੇ ਸਿੱਟੇ ਵੱਜੋਂ ਲੋਕ ਰੋਹ ਦਿਨੋਂ ਦਿਨ ਹੋਰ ਪ੍ਰਚੰਡ ਹੁੰਦਾ ਜਾਏਗਾ।

ਵਾਇਸਰਾਏ ਵੱਲੋਂ ਦਰਸਾਏ ਗਏ ਆਧਾਰ ਤੇ 'ਐਮਰਜੈਂਸੀ' ਵਿਵਸਥਾ ਦੀ ਓਟ ਲੈਕੇ ਆਰਡੀਨੈਂਸ ਜਾਰੀ ਕਰਨ ਦੇ ਕਾਰਜ ਨੂੰ ਕੁੱਝ ਉੱਘੇ ਵਕੀਲਾਂ ਨੇ ਸਰਵ-ਉੱਚ ਅਦਾਲਤ ਪ੍ਰਿਵੀ ਕੌਂਸਲ ਵਿੱਚ ਇਸ ਆਧਾਰ ਤੇ ਚੁਣੌਤੀ ਦਿੱਤੀ ਸੀ, ਕਿ ਕੇਵਲ ਕਿਸੇ ਇੱਕ ਮੁਕਦਮੇ ਦੇ ਨਿਪਟਾਰੇ ਵਿੱਚ ਹੋ ਰਹੀ ਦੇਰੀ ਨੂੰ ਕਿਸੇ ਤਰ੍ਹਾਂ ਵੀ 'ਐਮਰਜੈਂਸੀ ਹਾਲਾਤ' ਨਹੀਂ ਕਿਹਾ ਜਾ ਸਕਦਾ। ਇਸ ਪਟੀਸ਼ਨ ਨੂੰ ਨਿਰੋਲ ਤਕਨੀਕੀ ਆਧਾਰ ਤੇ ਫਰਵਰੀ 1931 ਦੇ ਅਖੀਰ 'ਚ ਖਾਰਜ ਕਰ ਦਿੱਤਾ ਗਿਆ ਸੀ।

### ਫੈਸਲੇ ਦੀ ਰੂਪ ਰੇਖਾ

**ਅਦਾਲਤੀ ਫੈਸਲਾ: ਟ੍ਰਿਬਿਊਨਲ ਵਲੋਂ ਦਿਤੀਆਂ ਸਜ਼ਾਵਾਂ ਦੇ ਵੇਰਵੇ**

1. ਸੁਖਦੇਵ: ਧਾਰਾ 121 ਅਧੀਨ, ਯੁੱਧ ਛੇੜਨ ਅਤੇ ਕਤਲ ਕਰਨ ਕਰਕੇ +302/109/120 B ਅਧੀਨ ਮੌਤ ਦੀ ਸਜ਼ਾ
2. ਕਿਸ਼ੋਰੀ ਲਾਲ: ਉਪਰੋਕਤ ਦੋਸ਼ਾਂ ਅਧੀਨ ਉਮਰ-ਕੈਦ
3. ਦੇਸ ਰਾਜ: ਬਰੀ
4. ਪ੍ਰੇਮ ਦੱਤ: ਧਾਰਾ 121 A ਅਧੀਨ, ਯੁੱਧ ਛੇੜਨ ਦੀ ਸਾਜ਼ਿਸ਼ ਕਾਰਨ, ਪੰਜ ਸਾਲ ਦੀ ਕੈਦ
5. ਜੈ ਦੇਵ: ਧਾਰਾ 121 ਅਧੀਨ, ਯੁੱਧ ਛੇੜਨ ਦੀ ਸਾਜ਼ਿਸ਼ ਅਧੀਨ, ਉਮਰ ਕੈਦ
6. ਸ਼ਿਵ ਵਰਮਾ: ਉਪਰੋਕਤ ਧਾਰਾ ਅਤੇ ਦੋਸ਼ ਅਧੀਨ, ਉਮਰ-ਕੈਦ
7. ਗਯਾ ਪ੍ਰਸ਼ਾਦ: ਉਪਰੋਕਤ ਧਾਰਾ ਅਤੇ ਦੋਸ਼ ਅਧੀਨ, ਉਮਰ-ਕੈਦ
8. ਮਹਾਬੀਰ ਸਿੰਘ: ਉਪਰੋਕਤ ਧਾਰਾ ਅਤੇ ਦੋਸ਼ ਅਧੀਨ, ਉਮਰ-ਕੈਦ
9. ਭਗਤ ਸਿੰਘ: ਉਪਰੋਕਤ ਧਾਰਾ +302 ਅਧੀਨ, ਮੌਤ ਦੀ ਸਜ਼ਾ
10. ਅਜੈ ਘੋਸ਼: ਬਰੀ
11. ਜਤਿੰਦਰ ਸਾਨਿਆਲ: ਬਰੀ
12. ਬੀ.ਕੇ. ਸਿਨਹਾ: ਧਾਰਾ 121 ਅਧੀਨ, ਯੁੱਧ ਛੇੜਨ ਕਾਰਨ, ਉਮਰ-ਕੈਦ
13. ਸ਼ਿਵ ਰਾਮ ਰਾਜਗੁਰੂ: ਉਪਰੋਕਤ +302 ਅਧੀਨ, ਮੌਤ ਦੀ ਸਜ਼ਾ
14. ਕੁੰਦਨ ਲਾਲ: ਧਾਰਾ 121 ਅਧੀਨ, ਯੁੱਧ ਛੇੜਨ ਦੇ ਦੋਸ਼ ਅਧੀਨ, ਸੱਤ ਸਾਲ ਦੀ ਕੈਦ
15. ਕੇ.ਐਨ. ਤਿਵਾੜੀ: ਧਾਰਾ 121 ਅਧੀਨ, ਯੁੱਧ ਛੇੜਨ ਦੇ ਦੋਸ਼ ਅਧੀਨ, ਉਮਰ-ਕੈਦ

ਧਾਰਾ 121 ਅਤੇ 302 ਅਧੀਨ ਘੱਟੋ-ਘੱਟ ਦੰਡ ਉਮਰ-ਕੈਦ ਅਤੇ ਵੱਧ ਤੋਂ ਵੱਧ ਫਾਂਸੀ ਦੀ ਸਜ਼ਾ ਹੈ। ਧਾਰਾ 121-A ਅਧੀਨ ਘੱਟੋ-ਘੱਟ ਸਜ਼ਾ ਨਿਰਧਾਰਤ ਨਹੀਂ ਕੀਤੀ ਗਈ ਪਰ ਵੱਧ ਤੋਂ ਵੱਧ ਸਜ਼ਾ ਉਮਰ-ਕੈਦ ਹੈ।

### ਧਾਰਾ 121: ਬਾਦਸ਼ਾਹ ਵਿਰੁਧ ਯੁੱਧ ਛੇੜਨਾ ਅਤੇ ਧਾਰਾ 121 -A ਅਜੇਹਾ ਯੁੱਧ ਛੇੜਨ ਦੀ ਸਾਜ਼ਿਸ਼ ਕਰਨੀ

ਇਸ ਕਾਨੂੰਨ ਦੀ ਪਰਿਭਾਸ਼ਾ ਅਤੇ ਉਦਾਹਰਣਾਂ ਦੱਸਦੀਆਂ ਹਨ ਕਿ ਇਹ ਧਾਰਾਵਾਂ ਅਕਸਰ ਖੁਲ੍ਹਾ ਵਿਦਰੋਹ ਜਾਂ ਬਗਾਵਤ ਕਰਨ ਸਬੰਧੀ ਹਨ ਅਤੇ ਇਨ੍ਹਾਂ ਦਾ ਹਿੰਸਾ ਦੀਆਂ ਇਕੜ-ਦੁਕੜ ਵਾਰਦਾਤਾਂ ਨਾਲ ਸਬੰਧ ਯੋਗ ਪ੍ਰਤੀਤ ਨਹੀਂ ਹੁੰਦਾ, ਪਰ ਜਿਹੜੀਆਂ ਦੋਸ਼ੀਆਂ ਸਿਰ ਥੋਪ ਕੇ ਉਨ੍ਹਾਂ ਨੂੰ ਇਸ ਕਾਨੂੰਨ ਅਧੀਨ ਅਪਰਾਧੀ ਘੋਸ਼ਿਤ ਕੀਤਾ ਗਿਆ ਸੀ।

ਇਹ ਦੱਸਣਾ ਯੋਗ ਹੋਵੇਗਾ ਕਿ 1915 ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਇਸ ਕਾਨੂੰਨ ਨੂੰ ਗਦਰੀਆਂ ਵਿਰੁਧ ਲਾਗੂ ਕਰਨ ਵਿੱਚ ਬੜੀ ਸਾਵਧਾਨੀ ਤੋਂ ਕੰਮ ਲਿਆ ਸੀ, ਭਾਵੇਂ ਕਿ ਉਸ ਕੇਸ ਵਿਚ ਕਈ ਸੈਂਕੜੇ ਵਿਅਕਤੀ ਸ਼ਾਮਲ ਸਨ ਅਤੇ ਉਨ੍ਹਾਂ ਵਿਰੁੱਧ ਲਾਏ ਦੋਸ਼ਾਂ ਵਿੱਚ ਲਾਹੌਰ ਛਾਉਣੀ ਦਾ ਅਸਲਾਖਾਨਾ ਲੁੱਟਣਾ, ਸੈਨਿਕਾਂ ਨੂੰ ਬੜੀ ਵੱਡੀ ਪੱਧਰ 'ਤੇ ਬਗ਼ਾਵਤ ਲਈ ਉਕਸਾਉਣਾ ਅਤੇ ਭਾਰਤ ਦੇ ਕਈ ਸ਼ਹਿਰਾਂ ਵਿਚ ਇਕੋ ਵੇਲੇ ਬਗਾਵਤ ਕਰਕੇ ਤਖਤਾ ਪਲਟਣ ਦੇ ਯਤਨ ਵਰਗੀਆਂ ਬਾਗ਼ੀਆਨਾ ਕਾਰਵਾਈਆਂ ਸ਼ਾਮਲ ਸਨ। ਨਿਰਸੰਦੇਹ ਅਮਰੀਕਾ ਤੋਂ ਭਾਰਤ ਰਵਾਨਾ ਹੋਣ ਸਮੇਂ ਗਦਰੀਆਂ ਨੇ ਭਾਰਤ ਵਿਚਲੀ ਅੰਗ੍ਰੇਜ਼ੀ ਸਰਕਾਰ ਵਿਰੁੱਧ 'ਐਲਾਨ-ਏ-ਜੰਗ' ਦੀ ਪ੍ਰਕਾਸ਼ਨਾ ਰਾਹੀਂ ਯੁੱਧ ਛੇੜਨ ਦਾ ਐਲਾਨ ਵੀ ਕੀਤਾ ਸੀ। ਇਨ੍ਹਾਂ ਗੱਲਾਂ ਦੇ ਬਾਵਜੂਦ ਉਸ ਅਦਾਲਤ ਨੇ ਦੋਸ਼ੀਆਂ ਵਿਰੁਧ ਧਾਰਾ 121-A ਲਾਉਣ ਪ੍ਰਤੀ ਬੜੇ ਸੰਕੋਚ ਅਤੇ ਸੰਜਮ ਤੋਂ ਕੰਮ ਲਿਆ ਸੀ।

ਪਰੰਤੂ (ਭਗਤ ਸਿੰਘ ਨਾਲ ਸਬੰਧਤ) ਟ੍ਰਿਬਿਊਨਲ ਨੇ ਇਸ ਧਾਰਾ ਨੂੰ ਲਾਗੂ ਕਰਨ ਸਬੰਧੀ ਕੋਈ ਅਜੇਹੀ ਸਾਵਧਾਨੀ ਨਹੀਂ ਸੀ ਵਰਤੀ। ਇਸ ਕੇਸ ਵਿੱਚ 12 ਵਿੱਚੋਂ ਦੋਸ਼ੀ ਪਾਏ ਗਏ 10 ਵਿਅਕਤੀਆਂ ਵਿਰੁੱਧ ਧਾਰਾ 121 ਅਤੇ ਬਰੀ ਕੀਤੇ ਦੋ ਵਿਅਕਤੀਆਂ ਪ੍ਰੇਮ ਦੱਤ ਅਤੇ ਕੁੰਦਨ ਲਾਲ ਵਿਰੁੱਧ ਧਾਰਾ 302/109/120-B ਲਾਗੂ ਕੀਤੀ ਗਈ ਸੀ।

ਇਥੇ ਭਗਵਾਨ ਦਾਸ ਮਾਹੌਰ ਦੀ ਟਿੱਪਣੀ ਕਾਬਲੇ ਜ਼ਿਕਰ ਹੋਵੇਗੀ:

"ਸਾਡੇ ਵਰਗੇ ਕੁੱਝ ਨੌਜਵਾਨਾਂ 'ਤੇ, ਜਿਨ੍ਹਾਂ ਕੋਲ ਲੁਹਾਰਾਂ ਦੇ ਬਣਾਏ ਹੋਏ ਪਿਸਤੌਲ ਅਤੇ ਆਪੇ ਸਿਰਜੇ ਹੋਏ ਪਟਾਖਿਆਂ ਵਰਗੇ

ਬੰਬ ਸਨ, ਸ਼ਕਤੀਸ਼ਾਲੀ ਅੰਗ੍ਰੇਜ਼ੀ ਸਲਤਨਤ ਨੂੰ ਵੰਗਾਰਨ ਦਾ ਦੋਸ਼ ਲਾਉਣਾ ਆਪੇ ਸਿਰਜਿਆ ਭਰਮ ਹੀ ਸੀ। ਅਸਲੀਅਤ ਤਾਂ ਇਹ ਹੈ ਕਿ ਸਾਡੇ ਵਿਚੋਂ ਕਿਸੇ ਨੂੰ ਅੰਗ੍ਰੇਜ਼ੀ ਸਲਤਨਤ ਨੂੰ ਵੰਗਾਰਨ ਦਾ ਕਦੇ ਖਿਆਲ ਹੀ ਨਹੀਂ ਸੀ ਆਇਆ। ਅਸੀਂ ਆਪਣੀਆਂ ਸੀਮਾਵਾਂ ਅਤੇ ਸੀਮਤ ਵਸੀਲਿਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸਾਂ, ਸੋ ਅਸੀਂ ਉਹ ਕੁੱਝ ਹੀ ਕਰਨ ਬਾਰੇ ਵਿਉਂਤਾਂ ਬਣਾਉਂਦੇ ਰਹੇ ਜੋ ਕੁੱਝ ਕਰਨਾ ਸਾਡੇ ਲਈ ਸੰਭਵ ਸੀ।

ਟ੍ਰਿਬਿਊਨਲ ਅਨੁਸਾਰ: "ਦਿੱਲੀ ਵਿੱਚ ਸਤੰਬਰ 1928 ਵਿੱਚ ਬਣਾਈ ਗਈ ਕਰਾਂਤੀਕਾਰੀ ਪਾਰਟੀ, ਜਿਸ ਨਾਲ ਇਹ ਵਿਅਕਤੀ ਸਬੰਧੰਤ ਸਨ, ਦੇ ਖਿਲਾਫ਼ ਇਹ ਦੋਸ਼ ਸਿੱਧ ਹੋਇਆ ਹੈ ਕਿ ਇਨ੍ਹਾਂ ਨੇ ਬਾਦਸ਼ਾਹ ਸਲਾਮਤ ਵਿਰੁੱਧ ਯੁੱਧ ਛੇੜਿਆ ਜਾਂ ਯੁੱਧ ਛੇੜਨ ਲਈ ਉਕਸਾਇਆ। ਇਹ ਦੋਸ਼ ਹੇਠ ਲਿਖੇ ਆਧਾਰ ਤੇ ਸਿੱਧ ਹੋਇਆ ਹੈ:

(1) ਪਾਰਟੀ ਦਾ ਨਾਂ: ਪਾਰਟੀ ਦੇ ਮੈਂਬਰਾਂ ਨੇ ਪਾਰਟੀ ਦਾ ਨਾਂ ਹਿੰਦੁਸਤਾਨ ਸੋਸ਼ਲਿਸਟ ਰੀਪਬਲਕਿਨ ਆਰਮੀ ਰਖਿਆ ਅਤੇ ਇਕ ਆਗੂ, ਪੰਡਿਤ ਜੀ ਨੂੰ ਇਸ ਦਾ ਮੁਖੀ ਕਮਾਂਡਰ ਥਾਪਿਆ ਗਿਆ। ਇਸ ਪਾਰਟੀ ਦਾ ਨਿਰਮਾਣ ਕਰਨ ਵਾਲਿਆਂ ਦੀਆਂ ਭਾਵਨਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਪਾਰਟੀ ਦਾ ਸੁਭਾਓ ਮਿਲਿਟਰੀ ਵਾਲਾ ਸੀ।

(2) ਬਰਾਮਦ ਕੀਤੀਆਂ ਪੁਸਤਕਾਂ ਤੋਂ ਵੀ ਪਤਾ ਲਗਦਾ ਹੈ ਕਿ ਇਸ ਪਾਰਟੀ ਦੇ ਮੈਂਬਰਾਂ ਦਾ ਉਦੇਸ਼ ਕੀ ਸੀ? ਹੇਠ ਲਿਖੀਆਂ ਪੁਸਤਕਾਂ ਇਸ ਤੱਥ ਨੂੰ ਸਥਾਪਤ ਕਰਦੀਆਂ ਹਨ, ਜਿਵੇਂ:

ਕ) *ਮਾਡਰਨ ਬਰੀਚ ਲੀਡਰ*

ਖ) *ਇਨਫੈਂਟਰੀ ਸਿਖਲਾਈ*

ਗ) *ਸਿਪਾਹੀ ਅਫਸਰਾਂ ਦਾ ਮੈਨੂਅਲ*

ਘ) *ਛੋਟੇ ਹਥਿਆਰਾਂ ਦੀ ਸਿਖਲਾਈ*

(3) ਬੰਬਾਂ ਦੀ ਕਿਸਮ: ਦਿੱਲੀ ਵਿੱਚ ਵਰਤੇ ਗਏ ਅਤੇ ਲਾਹੌਰ ਅਤੇ ਸਹਾਰਨਪੁਰ ਤੋਂ ਬਰਾਮਦ ਹੋਏ ਬੰਬਾਂ ਤੋਂ ਵੀ ਇਨ੍ਹਾਂ ਦੇ ਉਦੇਸ਼ਾਂ ਦਾ ਪਤਾ ਲਗਦਾ ਹੈ। ਇਹ ਬੰਬ ਹਮਲਾ ਕਰਨ ਵਾਲੇ ਹਥਿਆਰ ਹਨ ਅਤੇ ਇਨ੍ਹਾਂ ਦੀ ਵਰਤੋਂ ਕਰਨ ਦਾ ਉਦੇਸ਼ ਜਾਨ-ਮਾਲ ਦੀ ਤਬਾਹੀ ਕਰਨਾ ਹੈ। ਇਹ ਸਵੈ-ਰੱਖਿਆ ਵਾਲੇ ਹਥਿਆਰ ਨਹੀਂ ਹਨ।

(ਨੋਟ: ਦਿੱਲੀ ਵਿੱਚ ਵਰਤੇ ਗਏ ਬੰਬ ਕਿਥੋਂ ਤੱਕ ਬੰਦਿਆਂ ਨੂੰ ਮਾਰਨ ਲਈ ਸਨ, ਇਹ ਰਿਕਾਰਡ ਤੋਂ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ)

(4) ਪੀ.ਐਨ. ਘੋਸ਼ ਦੀ ਗਵਾਹੀ ਅਤੇ ਮਨਮੋਹਨ ਬੈਨਰਜੀ ਦੀ ਗਵਾਹੀ ਤੋਂ ਅਤੇ ਸਤੰਬਰ 1928 ਵਿੱਚ ਦਿੱਲੀ ਵਿਚ ਕੀਤੀ ਮੀਟਿੰਗ ਵਿੱਚ ਪਾਸ ਕੀਤੇ ਮਤਿਆਂ ਤੋਂ ਵੀ ਪਤਾ ਲਗਦਾ ਹੈ ਕਿ ਪਾਰਟੀ ਨੇ ਕਰਾਂਤੀ ਲਿਆਉਣ ਲਈ ਹਿੰਸਕ ਸਾਧਨ ਵਰਤਣ ਦਾ ਨਿਰਣਾ ਕੀਤਾ ਸੀ।

(ਨੋਟ: ਤੱਥ ਦੱਸਦੇ ਹਨ ਕਿ ਦਿੱਲੀ ਦੀ ਮੀਟਿੰਗ ਵਿੱਚ ਉਦੇਸ਼ਾਂ ਦੀ ਪੂਰਤੀ ਲਈ ਵਿਧੀ ਜਾਂ ਪੈਂਤੜਿਆਂ ਦੀ ਕੋਈ ਗੱਲ ਨਹੀਂ ਸੀ ਕੀਤੀ ਗਈ। ਅਸਲ ਵਿਚ ਤੱਥ ਹਿੰਦੁਸਤਾਨ ਰਿਪਬਲਿਕਨ ਅਸੋਸੀਏਸ਼ਨ ਵਲੋਂ ਖੁਲ੍ਹੇ ਤੌਰ 'ਤੇ ਹਥਿਆਰਾਂ ਰਾਹੀਂ ਇਨਕਲਾਬ ਲਿਆਉਣ ਦੇ ਉਦੇਸ਼ ਦੇ ਵਿਪਰੀਤ, ਸਾਧਨਾਂ ਦੇ ਮਾਮਲੇ ਤੇ ਇਥੇ ਕੁੱਝ ਵੀ ਨਹੀਂ ਸੀ ਕਿਹਾ ਗਿਆ। ਵੱਧ ਤੋਂ ਵੱਧ ਦਿੱਲੀ ਦੀ ਮੀਟਿੰਗ ਵਿੱਚ ਕੁਝ ਕਾਰਵਾਈਆਂ ਲਈ ਹਿੰਸਕ ਸਾਧਨ ਵਰਤਣ ਦੀ ਭਾਵੇਂ ਗੱਲ ਕੀਤੀ ਗਈ ਸੀ, ਪਰ ਹਿੰਸਾ ਨੂੰ ਇਕ ਨੀਤੀ ਵਜੋਂ ਅਪਨਾਉਣ ਵਰਗਾ ਕੋਈ ਨਿਰਣਾ ਨਹੀਂ ਸੀ ਕੀਤਾ ਗਿਆ।

ਇਸ ਸਬੰਧ ਵਿੱਚ ਭਾਰਤ ਦੇ ਉਸ ਸਮੇਂ ਦੇ ਵਾਇਸਰਾਇ ਲਾਰਡ ਇਰਵਿਨ ਨੇ ਵੀ ਇਹ ਮੰਨਿਆ ਸੀ ਕਿ ਅਸੈਂਬਲੀ ਵਿਚ ਕੀਤਾ ਗਿਆ ਬੰਬ-ਧਮਾਕਾ, ਕਿਸੇ ਦੀ ਜਾਨ ਲੈਣ ਲਈ ਨਹੀਂ ਸੀ ਕੀਤਾ ਗਿਆ। ਭਗਤ ਸਿੰਘ ਨੇ ਅਦਾਲਤ ਦੇ ਸਾਹਮਣੇ 'ਇਨਕਲਾਬ' ਦੇ ਅਰਥ ਸਪਸ਼ਟ ਕਰਦਿਆਂ ਦੱਸਿਆ ਸੀ ਕਿ 'ਇਨਕਲਾਬ ਲਈ ਖ਼ੂਨ-ਖਰਾਬਾ ਜਾਂ ਕਿਸੇ ਵਿਅਕਤੀ ਵਿਰੁੱਧ ਮਾਰਨ ਦੀ ਕਾਰਵਾਈ ਕਰਨਾ ਲਾਜ਼ਮੀ ਨਹੀਂ ਹੁੰਦੀ। ਇਨਕਲਾਬ ਵਿੱਚ ਬੰਬ ਜਾਂ ਪਿਸਤੌਲ ਹੀ ਸਭ ਕੁੱਝ ਨਹੀਂ ਹੁੰਦਾ। ਇਨਕਲਾਬ ਦਾ ਅਰਥ ਇਹ ਹੈ ਕਿ ਅਨਿਆ 'ਤੇ ਆਧਾਰਤ ਮੌਜੂਦਾ ਵਿਵਸਥਾ ਨੂੰ ਬਦਲਿਆ ਜਾਵੇ।

ਹੋਰ ਤਾਂ ਹੋਰ, ਲਾਹੌਰ ਹਾਈ ਕੋਰਟ ਦੇ ਜੱਜਾਂ ਨੇ ਵੀ ਭਗਤ ਸਿੰਘ ਨੂੰ ਇਕ ਸੁਹਿਰਦ ਇਨਕਲਾਬੀ ਦੱਸਿਆ ਸੀ।)

(5) ਅੰਤ ਵਿੱਚ, ਕੀਤੀਆਂ ਵਾਰਦਾਤਾਂ ਦੀ ਕਿਸਮ ਵੀ ਦੋਸ਼ੀਆਂ ਦੇ ਮਨਸੂਬਿਆਂ ਨੂੰ ਸਾਬਤ ਕਰਦੀ ਹੈ। ਅਸੈਂਬਲੀ ਵਿਚ ਬੰਬ ਦਾ ਸੁਟਿਆ ਜਾਣਾ, ਲਾਹੌਰ ਵਿੱਚ ਪੁਲਿਸ ਅਫਸਰ ਦਾ ਕਤਲ, ਹਿਰਾਸਤ ਵਿਚੋਂ ਕੈਦੀਆਂ ਨੂੰ ਛੁਡਾਉਣ ਦਾ ਉਪਰਾਲਾ ਅਤੇ ਬੰਬ ਬਧਾਉਣ ਲਈ ਕਾਰਖਾਨਾ ਲਾਉਣ ਦਾ ਯਤਨ ਵੀ ਦੋਸ਼ੀਆਂ ਵਿਰੁਧ, ਸਰਕਾਰ ਦੇ ਵਿਰੁਧ ਯੁੱਧ ਕਰਨ ਜਾਂ ਛੇੜ੍ਹਨ ਦਾ ਉਪਰਾਲਾ ਸਨ।

ਇਹ ਸਾਰੇ ਕਾਰਜ ਭਾਰਤੀ ਦੰਡਾਵਲੀ ਦੀ ਧਾਰਾ 121 ਅਧੀਨ ਅਪਰਾਧ ਐਲਾਨੇ ਗਏ ਹਨ।

**ਵਾਅਦਾ ਮਾਫ਼ ਗਵਾਹਾਂ ਦੀ ਗਵਾਹੀ**

ਗਵਾਹੀ ਦੇ ਨਿਯਮਾਂ ਅਨੁਸਾਰ ਜੁਰਮ ਦੇ ਇੱਕ ਵਾਦਾ ਮਾਫ਼ ਦੀ ਗਵਾਹੀ ਤਾਂ ਹੀ ਸਵੀਕਾਰ ਕੀਤੀ ਜਾ ਸਕਦੀ ਹੈ ਜੇ ਦੋਸ਼ੀਆਂ ਵਿਰੁੱਧ ਮੰਨਣ ਯੋਗ ਵਧੀਕ ਸਬੂਤ ਉਪਲਬਧ ਹੋਣ। ਇਕ ਸਹਿਭਾਗੀ ਦੀ ਗਵਾਹੀ ਆਧਾਰ ਨਹੀਂ, ਵਾਧੂ ਸਬੂਤ ਹੋ ਸਕਦੀ ਹੈ।

ਇਹ ਪੂਰਵ-ਧਾਰਣਾ ਇਸ ਲਈ ਯੋਗ ਹੈ ਕਿਉਂਕਿ ਵਾਅਦਾ-ਮੁਆਫ਼  ਗਵਾਹ ਆਪਣੇ ਦੋਸਤਾਂ ਅਤੇ ਸਾਥੀਆਂ ਨਾਲ ਗਦਾਰੀ ਕਰ ਰਿਹਾ ਹੁੰਦਾ ਹੈ, ਜਿਹੜਾ ਆਪਣੀ ਜ਼ਮੀਰ ਵੇਚ ਕੇ ਆਪਣੀ ਚਮੜੀ ਬਚਾ ਰਿਹਾ ਹੁੰਦਾ ਹੈ। ਉਹ ਆਪਣੇ ਆਪ ਨੂੰ ਬਚਾਉਣ ਲਈ ਆਪਣੇ ਸਾਥੀਆਂ ਨੂੰ ਵੱਧ ਤੋਂ ਵੱਧ ਸਜ਼ਾ ਦਿਵਾਉਣ ਦਾ ਵਸੀਲਾ ਬਣ ਜਾਂਦਾ ਹੈ।

ਉਪਰੋਕਤ ਦਵੰਦ ਕਾਰਨ ਹੀ 1915 ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਪੈਰਾ 99, ਕਾਨੂੰਨੀ ਨੁਕਤਿਆਂ ਵਿਚ ਦਰਜ ਕੀਤਾ ਸੀ (ਸਹਿਭਾਗੀਆਂ ਦੀ ਗਵਾਹੀ) ਕਿ ਵਾਅਦਾ-ਮਾਫ਼ ਵਿਅਕਤੀਆਂ ਦੀ ਗਵਾਹੀ ਸਬੰਧੀ ਬਚਾਓ ਪੱਖ ਦੇ ਇਤਰਾਜ਼ਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ ਅਤੇ ਵਾਅਦਾ ਮਾਫ਼ ਗਵਾਹਾਂ ਦੀ ਗਵਾਹੀ ਨੂੰ ਮੰਨਣ ਜਾਂ ਨਾ ਮੰਨਣ ਦਾ ਨਿਰਣਾ ਸੋਚ ਸਮਝ ਕੇ ਕਰਨਾ ਪਏਗਾ।

ਭਗਤ ਸਿੰਘ ਨਾਲ ਸਬੰਧਤ ਕੇਸ ਵਿੱਚ ਸੱਤ ਵਾਅਦਾ-ਮਾਫ਼ ਗਵਾਹਾਂ ਵਿੱਚੋਂ ਦੋ ਗਵਾਹ, ਰਾਮ ਸਰਨ ਦਾਸ ਅਤੇ ਬ੍ਰਹਮ ਦੱਤ ਆਪਣੇ ਇਕਬਾਲੀਆਂ ਬਿਆਨਾਂ ਤੋਂ ਮੁੱਕਰ ਗਏ ਸਨ। ਰਾਮ ਸਰਨ ਦਾਸ ਨੇ ਤਾਂ ਪੁਲਿਸ ’ਤੇ ਗਵਾਹਾਂ ਨੂੰ ਬਿਆਨ ਰਟਾਉਣ ਦਾ ਦੋਸ਼ ਵੀ ਲਾਇਆ ਸੀ।

ਬਾਕੀ ਪੰਜਾਂ ਵਿੱਚੋਂ ਜੈ ਗਪਾਲ ਅਤੇ ਐਚ.ਆਰ. ਵੋਹਰਾ ਪਾਰਟੀ ਦੇ ਸਾਧਾਰਣ ਮੈਂਬਰ ਸਨ, ਜਿਹੜੇ ਕੁੱਝ ਮੀਟਿੰਗਾਂ ਵਿਚ ਹਾਜ਼ਰ ਅਤੇ ਕੁੱਝ ਵਾਰਦਾਤਾਂ ਵਿੱਚ ਸ਼ਾਮਲ ਹੋਏ ਸਨ। ਏਸ ਟ੍ਰਿਬਿਊਨਲ ਨੇ ਤਾਂ ਅੱਖਾਂ ਮੀਚ ਕੇ ਵਾਦਾ ਮਾਫ਼ ਗਵਾਹਾਂ ਦੇ ਬਿਆਨਾਂ ਨੂੰ ਫ਼ੈਸਲੇ ਦਾ ਆਧਾਰ ਬਣਾ ਲਿਆ ਸੀ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com